ਪੰਜਾਬ ਸਰਕਾਰ
ਸਕੂਲ ਸਿੱਖਿਆ ਵਿਭਾਗ
(ਸਿੱਖਿਆ-6 ਸ਼ਾਖਾ)

ਵੱਲ

ਸਮੂਹ ਸਕੂਲ ਮੁੱਖੀ,(ਵੈਬ-ਸਾਈਟ ਰਾਹੀਂ)
ਪੰਜਾਬ।

ਮੀਮੋ ਨੰ: 11/125/17-5ਸਿ6/1085667/1

ਮਿਤੀ, ਚੰਡੀਗੜ੍ਹ: 16-10-2017

ਵਿਸ਼ਾ:- ਸਿੱਖਿਆ ਵਿਭਾਗ ਦੇ ਕਰਮਚਾਰੀਆਂ ਨੂੰ ਉਚੇਰੀ ਸਿੱਖਿਆ ਲਈ ਪ੍ਰਵਾਨਗੀ ਦੇਣ ਸਬੰਧੀ ਸਪੱਸ਼ਟੀਕਰਨ।

ਉਪਰੋਕਤ ਵਿਸ਼ੇ ਤੇ ਇਸ ਦਫਤਰ ਦੇ ਪੱਤਰ ਨੰ:11/7/2017-5ਸਿ6/ 1027174/1-5 ਮਿਤੀ 20-7-2017 ਜਿਸ ਰਾਹੀਂ ਸਿੱਖਿਆ ਵਿਭਾਗ ਦੇ ਕਰਮਚਾਰੀਆਂ ਨੂੰ ਉਚੇਰੀ ਸਿੱਖਿਆ ਲਈ ਪ੍ਰਵਾਨਗੀ ਦੇਣ ਲਈ ਸਬੰਧਤ ਡੀ.ਡੀ.ਓਜ਼ ਨੂੰ ਅਧਿਕਾਰਤ ਕੀਤਾ ਗਿਆ ਸੀ, ਦੇ ਹਵਾਲੇ ਵਿੱਚ।

2.0 ਕਈ ਦਫਤਰਾਂ ਵੱਲੋਂ ਇਸ ਦਫਤਰ ਤੋਂ ਸਪੱਸ਼ਟੀਕਰਨ ਮੰਗਿਆ ਜਾ ਰਿਹਾ ਹੈ ਕਿ ਮਿਤੀ 31-08-2017 ਤੋਂ ਬਾਅਦ ਉਚੇਰੀ ਸਿੱਖਿਆ ਲਈ ਅਜਿਹੀ ਪ੍ਰਵਾਨਗੀ ਕਿਸ ਪੱਧਰ ਤੇ ਦਿੱਤੀ ਜਾਣੀ ਹੈ?

2.1 ਇੱਥੇ ਇਹ ਦੱਸਣਾ ਵੀ ਉਚਿਤ ਹੋਵੇਗਾ ਕਿ ਪਹਿਲਾਂ ਜਾਰੀ ਪੱਤਰ ਮਿਤੀ 20-07-2017 ਵਿੱਚ ਇਸ ਤਰ੍ਹਾਂ ਦਾ ਕੁਝ ਵੀ ਦਰਜ ਨਹੀਂ ਕਿ ਸਬੰਧਤ ਡੀ.ਡੀ.ਓਜ਼ ਵਲੋਂ ਕਿਸ ਮਿਤੀ ਤੱਕ ਅਜਿਹੀ ਪ੍ਰਵਾਨਗੀ ਦਿੱਤੀ ਜਾਣੀ ਹੈ।

3.0 ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਭਵਿੱਖ ਵਿੱਚ ਪਹਿਲਾਂ ਜਾਰੀ ਪੱਤਰ ਮਿਤੀ 20-07-2017 ਵਿੱਚ ਦਰਜ ਸ਼ਰਤ ਅਨੁਸਾਰ ਉਚੇਰੀ ਸਿੱਖਿਆ ਲਈ ਪ੍ਰਵਾਨਗੀ ਦੇਣ ਸਬੰਧੀ ਸਾਰੇ ਕੇਸਾਂ ਦੀ ਮਨਜ਼ੂਰੀ ਸਬੰਧਤ ਡੀ.ਡੀ.ਓਜ਼ ਵਲੋਂ ਅਗਲੇ ਹੁਕਮਾਂ ਤੱਕ ਦਿੱਤੀ ਜਾਵੇਗੀ।

ਸਕੱਤਰ ਸਕੂਲ ਸਿੱਖਿਆ

ਪਿੱਠ ਅੰ.ਨੰ:11/125/17-5ਸਿ6/1085667/2-4 ਮਿਤੀ, ਚੰਡੀਗੜ੍ਹ: 16-10-2017

ਉਤਾਰਾ ਨਿਮਨ ਲਿਖਤ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਡੀ.ਪੀ.ਆਈ.(ਸੈ.ਸਿੱ./ਐਲੀ. ਸਿ.), ਪੰਜਾਬ, ਐਸ.ਏ.ਐਸ.ਨਗਰ।
2. ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ(ਵੈਬ-ਸਾਈਟ ਰਾਹੀਂ)।
3. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿੱ./ਐਲੀ.ਸਿੱ.), ਪੰਜਾਬ (ਵੈਬ-ਸਾਈਟ ਰਾਹੀਂ)।

ਸਕੱਤਰ ਸਕੂਲ ਸਿੱਖਿਆ